# ਰਾਜ ਵਿੱਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ, ਪੰਜਾਬ

ਤੀਜੀ ਮੰਜ਼ਿਲ, ਬਲਾਕ-ਈ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪ., ਫੇਜ਼-8, ਸਾਹਿਬਜ਼ਾਦਾ ਅਜੀਤ ਸਿੰਘ ਨਗਰ

Email: directorscert@punjabeducation.gov.in ਫੋਨ ਨੰਬਰ-0172-2212221


ਵੱਲ,

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈਸਿ),
ਪੰਜਾਬ।

ਮੀਮੋ ਨੰਬਰ : SCERT-EXAM/3/2024-EXAMINATION-SCERT/815470/695-703
ਮਿਤੀ, ਐਸ.ਏ.ਐਸ.ਨਗਰ: 14-07-2025

**ਵਿਸ਼ਾ:- 'ਯੁੱਧ ਨਸ਼ਿਆਂ ਵਿਰੁੱਧ' ਅਭਿਆਨ ਤਹਿਤ ਸਕੂਲ ਅਧਿਆਪਕਾਂ/ਕਾਊਂਸਲਰਾਂ ਅਤੇ ਹੋਸਟਲ ਵਾਰਡਨਾਂ ਦੀ ਦੋ ਰੋਜ਼ਾ ਟ੍ਰੇਨਿੰਗ ਕਰਵਾਉਣ ਸਬੰਧੀ।**

ਹਵਾਲਾ: ਇਸ ਦਫਤਰ ਦੇ ਪੱਤਰ ਮੀਮੋ ਨੰ:261/AD(G&C)/2025 ਮਿਤੀ 02.07.2025 ਦੀ ਲਗਾਤਾਰਤਾ ਵਿੱਚ।

1.0 ਉਕਤ ਵਿਸ਼ੇ ਸੰਬੰਧੀ ਪੰਜਾਬ ਸਰਕਾਰ ਵੱਲੋਂ ਚਲਾਏ ਜਾ ਰਹੇ 'ਯੁੱਧ ਨਸ਼ਿਆਂ ਵਿਰੁੱਧ' ਅਭਿਆਨ ਅਤੇ ਭਾਰਤ ਸਰਕਾਰ ਦੇ ਪ੍ਰੋਗਰਾਮ 'ਨਸ਼ਾ ਮੁਕਤ ਭਾਰਤ' ਤੇ National Action Plan of Drug Demand Reduction (NAPDDR) ਸਕੀਮ ਤਹਿਤ ਨਸ਼ਿਆਂ ਵਿਰੁੱਧ ਜਾਗਰੂਕਤਾ ਫੈਲਾਉਣ ਲਈ ਦਫਤਰ ਐਸ.ਸੀ.ਈ.ਆਰ.ਟੀ., ਪੰਜਾਬ ਵਲੋਂ ਸਮੂਹ ਡੀ.ਐਨ.ਓ., ਡੀ.ਆਰ.ਸੀ. ਅਤੇ ਬੀ.ਆਰ.ਸੀ. ਦੀ ਰਾਜ ਪੱਧਰੀ ਦੋ ਰੋਜ਼ਾ ਟ੍ਰੇਨਿੰਗ ਮਿਤੀ 3-4 ਜੁਲਾਈ 2025 ਅਤੇ ਮਿਤੀ 7-8 ਜੁਲਾਈ 2025 ਨੂੰ ਕਰਵਾਈ ਗਈ ਸੀ।

2.0 ਹਰੇਕ ਜਿਲ੍ਹੇ ਵਿੱਚ ਹੋਣ ਵਾਲੀ ਇਸ ਟ੍ਰੇਨਿੰਗ ਵਿੱਚ ਆਪ ਦੇ ਜਿਲ੍ਹੇ ਨਾਲ ਸਬੰਧਤ ਡਾਕਟਰ/ਸਾਇਕੋਲੋਜਿਸਟ/ਸਾਈਕੇਟਰਿਸਟ/ਡੀ-ਐਡੀਕਸ਼ਨ ਮਾਹਿਰ ਵਿਅਕਤੀ ਦਾ ਲੈਕਚਰ ਵੀ ਸ਼ਾਮਿਲ ਕੀਤਾ ਜਾਵੇ।

3.0 ਟ੍ਰੇਨਿੰਗ ਪ੍ਰਾਪਤ ਕਰ ਚੁੱਕੇ ਸਮੂਹ ਡੀ.ਐਨ.ਓ., ਡੀ.ਆਰ.ਸੀ ਅਤੇ ਬੀ.ਆਰ.ਸੀ. ਵਲੋਂ ਮਿਤੀ 16-17 ਜੁਲਾਈ 2025 ਨੂੰ ਜਿਲ੍ਹਾ ਪੱਧਰ ਤੇ ਸਕੂਲ ਅਧਿਆਪਕਾਂ/ਕਾਊਂਸਲਰਾਂ ਅਤੇ ਹੋਸਟਲ ਵਾਰਡਨਾਂ ਨੂੰ ਦੋ ਰੋਜ਼ਾ ਟ੍ਰੇਨਿੰਗ ਕਰਵਾਈ ਜਾਵੇਗੀ। ਇਸ ਸਬੰਧੀ ਜਿਲ੍ਹਾ ਪੱਧਰ ਤੇ ਮਾਈਕਰੋਪਲਾਨ ਤਿਆਰ ਕੀਤਾ ਜਾਵੇ।

4.0 ਟ੍ਰੇਨਿੰਗ ਦੇ ਇੱਕ ਗਰੁੱਪ ਵਿੱਚ 50 ਤੋਂ ਵੱਧ ਅਧਿਆਪਕ ਨਾ ਰੱਖੇ ਜਾਣ। ਹਰੇਕ ਸੀਨੀਅਰ ਸੈਕੰਡਰੀ ਸਕੂਲ ਵਿੱਚੋਂ 02 ਅਧਿਆਪਕ ਇਸ ਟ੍ਰੇਨਿੰਗ ਲਈ ਨਾਮਜ਼ਦ ਕੀਤੇ ਜਾਣ, ਜਿਹਨਾਂ ਵਿੱਚੋਂ ਇੱਕ ਅਧਿਆਪਕ 9ਵੀਂ ਤੋਂ 10ਵੀਂ ਜਮਾਤਾਂ ਨੂੰ ਅਤੇ ਇੱਕ ਅਧਿਆਪਕ 11ਵੀਂ ਤੋਂ 12ਵੀਂ ਜਮਾਤ ਨੂੰ ਪੜ੍ਹਾਉਣ ਵਾਲਾ ਹੋਣਾ ਚਾਹੀਦਾ ਹੈ।

5.0 ਹਰੇਕ ਹਾਈ ਸਕੂਲ ਵਿੱਚੋਂ ਇੱਕ ਅਧਿਆਪਕ ਜਰੂਰ ਲਿਆ ਜਾਵੇ। ਜਿਕਰ ਕਿਸੇ ਸਕੂਲ ਵਿੱਚ ਸੈਕਸ਼ਨਾਂ ਦੀ ਗਿਣਤੀ ਜਿਆਦਾ ਹੈ ਤਾਂ ਹਰੇਕ 5 ਸੈਕਸ਼ਨਾਂ ਪਿੱਛੇ ਇੱਕ ਅਧਿਆਪਕ ਨਾਮਜ਼ਦ ਕੀਤਾ ਜਾਵੇ।

6.0 ਜਮਾਤ 9ਵੀਂ/10ਵੀਂ ਲਈ ਵਿਗਿਆਨ ਜਾਂ ਸਮਾਜਿਕ ਵਿਗਿਆਨ ਦੇ ਅਧਿਆਪਕ ਅਤੇ 11ਵੀਂ/12ਵੀਂ ਲਈ ਪੰਜਾਬੀ ਜਾਂ ਅੰਗਰੇਜ਼ੀ ਪੜ੍ਹਾਉਣ ਵਾਲੇ ਅਧਿਆਪਕ ਨੂੰ ਤਰਜੀਹ ਦਿੱਤੀ ਜਾਵੇ। ਜੇਕਰ ਸਕੂਲ ਵਿੱਚ ਸਾਇੰਸ ਗਰੁੱਪ ਹੈ ਤਾਂ ਬਾਇਓਲੋਜੀ ਲੈਕਚਰਾਰ ਨੂੰ ਇਸ ਵਿੱਚ ਸ਼ਾਮਿਲ ਕੀਤਾ ਜਾ ਸਕਦਾ ਹੈ। ਸਕੂਲ ਵਿੱਚ ਪਹਿਲਾਂ ਤੋਂ ਨਾਮਜ਼ਦ ਕਾਊਂਸਲਰਾਂ ਨੂੰ ਪਹਿਲ ਦਿੱਤੀ ਜਾਵੇ।

7.0 ਆਪ ਦੇ ਜਿਲ੍ਹੇ ਅੰਦਰ ਸਕੂਲ ਸਿੱਖਿਆ ਵਿਭਾਗ ਅਧੀਨ ਚੱਲ ਰਹੇ ਹੋਸਟਲਾਂ ਦੇ ਵਾਰਡਨਾਂ ਨੂੰ ਵੀ ਇਸ ਟ੍ਰੇਨਿੰਗ ਵਿੱਚ ਸ਼ਾਮਿਲ ਕੀਤਾ ਜਾਵੇ।

8.0 ਡਰੱਗ ਡੀ-ਐਡੀਕਸ਼ਨ ਕਰੀਕੁਲਮ ਸਕੂਲਾਂ ਦੀਆਂ 9ਵੀਂ ਤੋਂ 12ਵੀਂ ਜਮਾਤਾਂ ਦੇ ਵਿਦਿਆਰਥੀਆਂ ਲਈ ਲਾਗੂ ਕੀਤਾ ਜਾਵੇਗਾ।

9.0 ਹਰੇਕ ਜਮਾਤ/ਸੈਕਸ਼ਨ ਦਾ 14 ਦਿਨਾਂ ਵਿੱਚ ਇੱਕ ਪੀਰੀਅਡ ਲਗਾਉਣਾ ਲਾਜ਼ਮੀ ਹੈ।

10.0 ਹਰੇਕ ਜਮਾਤ/ਸੈਕਸ਼ਨ ਦੇ ਮਹੀਨੇ ਵਿੱਚ ਦੋ ਪੀਰੀਅਡ ਹੋਣਗੇ। ਇਹ ਪੀਰੀਅਡ 'ਵੈਲਕਮ ਲਾਈਫ' ਦੇ ਪੀਰੀਅਡ ਵਿਚੋਂ ਕੱਟ ਕੇ ਸਕੂਲ ਟਾਈਮ ਟੇਬਲ ਵਿੱਚ ਸ਼ਾਮਿਲ ਕੀਤੇ ਜਾਣ।

11.0 ਇਸ ਟ੍ਰੇਨਿੰਗ ਲਈ ਮੱਦ ਨੰ 3.2 Training for In-service Teacher and Head Teachers (Class XI -XII) ਦੇ ਅੰਤਰਗਤ ਹੇਠ ਲਿਖੇ ਅਨੁਸਾਰ ਫੰਡਜ਼ ਦੀ ਪ੍ਰਵਾਨਗੀ ਪ੍ਰਾਪਤ ਹੋਈ ਹੈ:-

| Major Component | Sub-component | Activity | Sub activity |
|---|---|---|---|
| 3.2 Training for In-service Teacher and Head Teachers | 3.2.1- In-Service Training (IX-XII) | 4. Teachers class (IX to X) | Teachers class (IX to X) |

12.0 ਸਮੂਹ ਪ੍ਰਿੰਸੀਪਲ ਜ਼ਿਲ੍ਹਾ ਸਿੱਖਿਆ ਅਤੇ ਸਿਖਲਾਈ ਸੰਸਥਾ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਇਸ ਟ੍ਰੇਨਿੰਗ ਲਈ ਟੀਚਰ ਟ੍ਰੇਨਿੰਗ ਪ੍ਰੋਗਰਾਮ ਤਹਿਤ ਉਪਰੋਕਤ ਮੱਦ ਅਧੀਨ ਜਾਰੀ ਹੋਣ ਵਾਲੇ ਫੰਡਾਂ ਵਿੱਚੋਂ ਵਿੱਤੀ ਨਿਯਮਾਂ ਅਨੁਸਾਰ ਖਰਚ ਕੀਤਾ ਜਾਵੇ।

13.0 ਪ੍ਰਤੀ ਭਾਗੀਦਾਰ ਪ੍ਰਤੀ ਦਿਨ ਖਰਚ ਨਿਮਨ ਦਰਸਾਏ ਅਨੁਸਾਰ ਕੀਤਾ ਜਾ ਸਕਦਾ ਹੈ:

| Items | Rate @ Per participant for One day Training | Rate @ per participant for Two days Training |
|---|---|---|
| ਰਿਫਰੈਸ਼ਮੈਂਟ | 30 ਰੁਪਏ ਪ੍ਰਤੀ ਦਿਨ | 60 ਰੁਪਏ @ ਦੋ ਦਿਨ |
| ਪ੍ਰਬੰਧਕੀ ਖਰਚਾ | 20 ਰੁਪਏ ਪ੍ਰਤੀ ਦਿਨ | 40 ਰੁਪਏ @ ਦੋ ਦਿਨ |
| ਸਟੇਸ਼ਨਰੀ | 50 ਰੁਪਏ | 50 ਰੁਪਏ |
| ਕੁੱਲ | 100 ਰੁਪਏ | 150 ਰੁਪਏ |

14.0 ਰਾਜ ਪੱਧਰ ਤੇ ਟ੍ਰੇਨਿੰਗ ਪ੍ਰਾਪਤ ਕਰ ਚੁੱਕੇ ਡੀ.ਐਨ.ਓ., ਡੀ.ਆਰ.ਸੀ ਅਤੇ ਬੀ.ਆਰ.ਸੀ. ਨਿਯਮਾਂ ਅਨੁਸਾਰ ਆਪਣਾ ਬਣਦਾ ਟੀ.ਏ. ਆਪਣੇ ਜ਼ਿਲ੍ਹੇ ਨਾਲ ਸਬੰਧਤ ਜ਼ਿਲ੍ਹਾ ਸਿੱਖਿਆ ਅਤੇ ਸਿਖਲਾਈ ਸੰਸਥਾਵਾਂ ਤੋਂ ਟੀਚਰ ਟ੍ਰੇਨਿੰਗ/ਬੀ.ਆਰ.ਸੀ./ਐਨੂਅਲ ਗਰਾਂਟ ਅਧੀਨ ਪ੍ਰਾਪਤ ਫੰਡਾਂ ਦੀ ਉਪਲੱਬਧਤਾ ਅਨੁਸਾਰ ਕਲੇਮ ਕਰ ਸਕਦੇ ਹਨ।

ਕਿਰਨ ਸ਼ਰਮਾ (ਪੀ.ਸੀ.ਐਸ)

ਡਾਇਰੈਕਟਰ, ਐਸ.ਸੀ.ਈ.ਆਰ.ਟੀ. ਪੰਜਾਬ।

ਪਿੱਠ ਅੰਕਣ ਨੰ: ਉਕਤ/696 - 703 ਮਿਤੀ, ਐਸ.ਏ.ਐਸ.ਨਗਰ: 14-07-2025

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਅਗਲੇਰੀ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:

1. ਪੀ.ਏ. ਟੂ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ।
2. ਪੀ.ਏ. ਟੂ ਡਾਇਰੈਕਟਰ ਐਸ.ਸੀ.ਈ.ਆਰ.ਟੀ., ਪੰਜਾਬ।
3. ਸਹਾਇਕ ਡਾਇਰੈਕਟਰ (ਏ.ਕਿਊ.ਟੀ), ਐਸ.ਸੀ.ਈ.ਆਰ.ਟੀ., ਪੰਜਾਬ।
4. ਡਿਪਟੀ ਐਸ.ਪੀ.ਡੀ (ਵਿੱਤ), ਸਮੱਗਰਾ ਪੰਜਾਬ।
5. ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿੱ.), ਪੰਜਾਬ।
6. ਸਮੂਹ ਪ੍ਰਿੰਸੀਪਲਜ਼, ਜ਼ਿਲ੍ਹਾ ਸਿੱਖਿਆ ਅਤੇ ਸਿਖਲਾਈ ਸੰਸਥਾ, ਪੰਜਾਬ।
7. ਸਮੂਹ ਸਕੂਲ ਮੁੱਖੀ ਹਾਈ/ਸੀਨੀ:ਸੈਕੰ: ਸਕੂਲ, ਪੰਜਾਬ।
8. ਸਮੂਹ ਡੀ.ਆਰ.ਸੀ, ਡੀ.ਐਨ.ਓ. ਅਤੇ ਸਬੰਧਤ ਬੀ.ਆਰ.ਸੀ.।

ਸਹਾਇਕ ਡਾਇਰੈਕਟਰ

ਐਸ.ਸੀ.ਈ.ਆਰ.ਟੀ. ਪੰਜਾਬ।